ਮਿੱਠੇ ਬੱਚੇ:- "ਮਿੱਠੇ ਬੱਚੇ :- ਸ਼ਿਵਬਾਬਾ ਤੋਂ ਇਲਾਵਾ ਤੁਹਾਡਾ ਕੁਝ ਵੀ ਨਹੀਂ ਹੈ, ਇਸਲਈ ਇਸ ਦੇਹ ਦੇ ਭਾਨ ਤੋਂ ਵੀ ਦੂਰ ਖਾਲੀ ਬੇਗਰ ਹੋਣਾ ਹੈ, ਬੇਗਰ ਹੀ ਪ੍ਰਿੰਸ ਬਣਨਗੇ।"

ਪ੍ਰਸ਼ਨ:- ਪ੍ਰਸ਼ਨ:- ਡਰਾਮਾ ਦੀ ਅਸਲ ਨੌਲਜ ਕਿਹੜੇ ਖਿਆਲਤ ਖ਼ਤਮ ਕਰ ਦਿੰਦੀ ਹੈ?

ਉੱਤਰ:- ਇਹ ਬਿਮਾਰੀ ਕਿਓਂ ਆਈ, ਇਸ ਤਰ੍ਹਾਂ ਨਹੀਂ ਕਰਦੇ ਤਾਂ ਇਵੇਂ ਨਹੀਂ ਹੁੰਦਾ, ਇਹ ਰੁਕਾਵਟ ਕਿਓਂ ਆਈ... ਬੰਧਨ ਕਿਓਂ ਆਇਆ..., ਇਹ ਸਾਰੇ ਖਿਆਲ ਡਰਾਮਾ ਦੀ ਅਸਲ ਨੋਲਜ ਨਾਲ ਖਤਮ ਹੋ ਜਾਂਦੇ ਹਨ। ਕਿਉਂਕਿ ਜੋ ਡਰਾਮਾ ਮੁਤਾਬਿਕ ਹੋਣਾ ਸੀ, ਉਹ ਹੀ ਹੋਇਆ, ਕਲਪ ਪਹਿਲਾ ਵੀ ਹੋਇਆ ਸੀ। ਪੁਰਾਣਾ ਸ਼ਰੀਰ ਹੈ, ਇਸ ਤੇ ਟਾਕੀਆਂ ਵੀ ਲਗਨੀਆ ਹੀ ਹਨ। ਇਸਲਈ ਕੋਈ ਖਿਆਲਤ ਨਹੀਂ ਚਲ ਸਕਦੇ।

ਗੀਤ:- ਹਮੇ ਉਨ ਰਾਹੋ ਪਰ ਚਲਣਾ ਹੈ...

ਓਮ ਸ਼ਾਂਤੀ। ਉਨ੍ਹਾਂ ਰਾਹਾਂ ਤੇ ਚਲਣਾ ਹੈ, ਕਿਹੜੀਆਂ ਰਾਹਾਂ? ਰਾਹ ਕੌਣ ਦਸਦਾ ਹੈ? ਬੱਚੇ ਜਾਣਦੇ ਹਨ ਕਿ ਅਸੀਂ ਕਿਸੇ ਦੀ ਸਲਾਹ ਤੇ ਚਲ ਰਹੇ ਹਾਂ। ਸਲਾਹ ਕਹੋ, ਰਾਹ ਕਹੋ ਜਾਂ ਸ੍ਰੀਮਤ ਕਹੋ-ਇਕੋ ਗੱਲ ਹੈ। ਹੁਣ ਸ੍ਰੀਮਤ ਤੇ ਚਲਣਾ ਹੈ। ਪਰ ਸ੍ਰੀਮਤ ਕਿਸਦੀ? ਲਿਖਿਆ ਹੋਇਆ ਹੈ। ਸ੍ਰੀਮਤ ਭਗਵਤ ਗੀਤਾ, ਤਾਂ ਜਰੂਰ ਸ੍ਰੀਮਤ ਵੱਲ ਸਾਡਾ ਬੁੱਧੀਯੋਗ ਜਾਵੇਗਾ। ਹੁਣ ਤੁਸੀਂ ਬੱਚੇ ਕਿਸਦੀ ਯਾਦ ਵਿਚ ਬੈਠੇ ਹੋ? ਜੇਕਰ ਸ੍ਰੀਕ੍ਰਿਸ਼ਨ ਕਹਾਂਗੇ ਤਾਂ ਉਨ੍ਹਾਂ ਨੂੰ ਓਥੇ ਯਾਦ ਕਰਨਾ ਪਵੇ। ਤੁਸੀਂ ਬੱਚੇ ਸ੍ਰੀਕ੍ਰਿਸ਼ਨ ਨੂੰ ਯਾਦ ਕਰਦੇ ਹੋ ਜਾ ਨਹੀਂ? ਵਰਸੇ ਦੇ ਰੂਪ ਵਿਚ ਯਾਦ ਕਰਦੇ ਹੋ, ਇਹ ਤੇ ਜਾਣਦੇ ਹੋ ਨਾ ਅਸੀਂ ਪ੍ਰਿੰਸ ਬਣਾਂਗੇ। ਇਵੇਂ ਤਾਂ ਨਹੀਂ ਜੰਮਦੇ ਹੀ ਲਕਸ਼ਮੀ-ਨਰਾਇਣ ਬਣ ਜਾਵਾਂਗੇ। ਬਰੋਬਰ ਅਸੀਂ ਸ਼ਿਵਬਾਬਾ ਨੂੰ ਯਾਦ ਕਰਦੇ ਹਾਂ। ਕਿਉਂਕਿ ਸ੍ਰੀਮਤ ਉਨ੍ਹਾਂ ਦੀ ਹੈ। ਸ੍ਰੀਕ੍ਰਿਸ਼ਨ ਭਗਵਾਨੁਵਾਚ ਕਹਿਣ ਵਾਲੇ ਸ੍ਰੀਕ੍ਰਿਸ਼ਨ ਨੂੰ ਯਾਦ ਕਰਨਗੇ। ਪਰ ਕਿਥੇ ਯਾਦ ਕਰਨਗੇ? ਉਨ੍ਹਾਂ ਨੂੰ ਤਾਂ ਯਾਦ ਕੀਤਾ ਜਾਂਦਾ ਹੈ ਬੈਕੁੰਠ ਵਿਚ। ਤਾਂ ਮਨਮਨਾਭਵ ਅੱਖਰ ਸ੍ਰੀਕ੍ਰਿਸ਼ਨ ਕਹਿ ਨਹੀਂ ਸਕਦੇ, ਮੱਧ ਜੀ ਭਵ ਕਹਿ ਸਕਦੇ ਹਨ। ਮੈਨੂੰ ਯਾਦ ਕਰੋ ਉਹ ਤੇ ਬੈਕੁੰਠ ਵਿਚ ਹੈ। ਦੁਨੀਆ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੀ। ਬਾਪ ਕਹਿੰਦੇ ਹਨ- ਬੱਚੇ ਇਹ ਸਾਰੇ ਸ਼ਾਸਤਰ ਭਗਤੀ ਮਾਰਗ ਦੇ ਹਨ। ਸਾਰੇ ਧਰਮ ਸ਼ਾਸਤਰਾਂ ਵਿਚ ਗੀਤਾ ਵੀ ਆ ਜਾਂਦੀ ਹੈ। ਬਰੋਬਰ ਗੀਤਾ ਭਾਰਤ ਦਾ ਧਰਮ ਸ਼ਾਸਤਰ ਹੈ। ਅਸਲ ਵਿਚ ਤਾਂ ਇਹ ਸਾਰਿਆਂ ਦਾ ਸ਼ਾਸਤਰ ਹੈ। ਕਿਹਾ ਵੀ ਜਾਂਦਾ ਹੈ ਸ੍ਰੀਮਤ ਸਰਵ ਸ਼ਾਸਤਰਮਈ ਸ਼ੋਮਣੀ ਗੀਤਾ। ਮਤਲਬ ਕਿ ਸਭ ਤੋਂ ਉੱਤਮ ਹੈ। ਸਭ ਤੋਂ ਉੱਤਮ ਸ਼ਿਵਬਾਬਾ ਸ੍ਰੀ ਸ੍ਰੀ, ਸ੍ਰੇਸ਼ਟ ਤੇ ਸ੍ਰੇਸ਼ਟ ਹੈ। ਸ੍ਰੀਕ੍ਰਿਸ਼ਨ ਨੂੰ ਸ੍ਰੀ ਸ੍ਰੀ ਨਹੀਂ ਕਹਾਂਗੇ। ਸ੍ਰੀ - ਸ੍ਰੀ ਕ੍ਰਿਸ਼ਨ ਜਾਂ ਸ੍ਰੀ - ਸ੍ਰੀ ਰਾਮ ਨਹੀਂ ਕਹਾਂਗੇ। ਉਨ੍ਹਾਂ ਨੂੰ ਸਿਰਫ ਸ੍ਰੀ ਕਹਾਂਗੇ। ਸ੍ਰੇਸ਼ਟ ਤੋਂ ਸ੍ਰੇਸ਼ਟ ਜੋ ਹਨ ਫਿਰ ਉਹ ਹੀ ਆਕੇ ਸ੍ਰੇਸ਼ਟ ਬਣਾਉਂਦੇ ਹਨ। ਸ੍ਰੇਸ਼ਟ ਤੋਂ ਸ੍ਰੇਸ਼ਟ ਹਨ ਭਗਵਾਨ, ਸ੍ਰੀ - ਸ੍ਰੀ ਦਾ ਮਤਲਬ ਹੀ ਹੈ ਸਭ ਤੋਂ ਸ੍ਰੇਸ਼ਟ। ਸ੍ਰੇਸ਼ਟ ਦਾ ਨਾਮ ਬਾਲਾ ਹੈ। ਸ੍ਰੇਸ਼ਟ ਤੇ ਜਰੂਰ ਦੇਵੀ ਦੇਵਤਾਵਾਂ ਨੂੰ ਕਹਾਂਗੇ, ਜੋ ਹੁਣ ਨਹੀਂ ਹਨ। ਅੱਜਕਲ ਸ੍ਰੇਸ਼ਟ ਕਿਸਨੂੰ ਸਮਝਦੇ ਹਨ? ਹੁਣ ਦੇ ਜੋ ਲੀਡਰ ਹਨ ਉਨ੍ਹਾਂ ਦੀ ਕਿੰਨੀ ਇੱਜਤ ਕਰਦੇ ਹਨ। ਪਰੰਤੂ ਉਨ੍ਹਾਂ ਨੂੰ ਸ੍ਰੀ ਨਹੀਂ ਕਹਿ ਸਕਦੇ। ਮਹਾਤਮਾ ਆਦਿ ਨੂੰ ਵੀ ਸ੍ਰੀ ਅੱਖਰ ਨਹੀਂ ਦੇ ਸਕਦੇ। ਹਾਲੇ ਤੁਹਾਨੂੰ ਉੱਚ ਤੇ ਉੱਚ ਪਰਮਾਤਮਾ ਤੋਂ ਗਿਆਨ ਮਿਲ ਰਿਹਾ ਹੈ। ਸਭ ਤੋਂ ਉੱਚ ਹੈ ਪਰਮਪਿਤਾ ਪਰਮਾਤਮਾ, ਫਿਰ ਹੈ ਉਨ੍ਹਾਂ ਦੀ ਰਚਨਾ। ਫਿਰ ਰਚਨਾ ਤੋਂ ਉੱਚ ਤੋਂ ਉੱਚ ਹਨ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ। ਇਥੇ ਵੀ ਨੰਬਰਵਾਰ ਮਰਤਬੇ ਹਨ। ਉੱਚ ਤੇ ਉੱਚ ਪ੍ਰੈਜ਼ੀਡੈਂਟ ਫਿਰ ਪ੍ਰਾਈਮ ਮਨਿਸਟਰ, ਯੂਨੀਅਨ ਮਨਿਸਟਰ...।

ਬਾਪ ਬੈਠ ਸ੍ਰਿਸ਼ਟੀ ਦੇ ਆਦਿ, ਮੱਧ ਅਤੇ ਅੰਤ ਦਾ ਰਾਜ਼ ਸਮਝਾਉਂਦੇ ਹਨ। ਭਗਵਾਨ ਰਚੇਤਾ ਹੈ। ਹੁਣ ਰਚੇਤਾ ਅੱਖਰ ਕਹਿਣ ਨਾਲ ਮਨੁੱਖ ਪੁੱਛਦੇ ਹਨ-ਸ੍ਰਿਸ਼ਟੀ ਕਿਵੇਂ ਰਚੀ ਗਈ? ਇਸਲਈ ਇਹ ਜਰੂਰ ਕਹਿਣਾ ਪੈਂਦਾ ਹੈ ਕਿ ਤ੍ਰਿਮੂਰਤੀ ਸ਼ਿਵ ਰਚੇਤਾ ਹੈ। ਅਸਲ ਵਿਚ ਰਚੇਤਾ ਦੀ ਜਗ੍ਹਾ ਰਚਾਉਣ ਵਾਲਾ ਕਹਿਣਾ ਠੀਕ ਹੈ। ਬ੍ਰਹਮਾ ਦਵਾਰਾ ਦੈਵੀ ਕੁਲ ਦੀ ਸਥਾਪਨਾ ਕਰਦੇ ਹਨ। ਬ੍ਰਹਮਾ ਦਵਾਰਾ ਸਥਾਪਨਾ ਕਿਸਦੀ? ਦੈਵੀ ਸੰਪ੍ਰਦਾਇ ਦੀ। ਸ਼ਿਵਬਾਬਾ ਕਹਿੰਦੇ ਹਨ ਹਾਲੇ ਤੁਸੀਂ ਹੋ ਬ੍ਰਹਮਾ ਦੀ ਬ੍ਰਾਹਮਣ ਸੰਪ੍ਰਦਾਇ, ਉਹ ਹੈ ਆਸੁਰੀ ਸੰਪ੍ਰਦਾਇ, ਤੁਸੀਂ ਹੋ ਇਸ਼ਵਰੀਏ ਸੰਪ੍ਰਦਾਇ, ਫਿਰ ਦੈਵੀ ਸੰਪ੍ਰਦਾਇ ਬਣਾਂਗੇ। ਬਾਪ ਬ੍ਰਹਮਾ ਦਵਾਰਾ ਸਾਰੇ ਵੇਦ - ਸ਼ਾਸਤਰਾਂ ਦਾ ਸਾਰ ਵੀ ਸਮਝਾਉਂਦੇ ਹਨ। ਮਨੁੱਖ ਤਾਂ ਬੜੇ ਮੂੰਝੇ ਹੋਏ ਹਨ, ਕਿੰਨਾ ਮੱਥਾ ਮਾਰਦੇ ਰਹਿੰਦੇ ਹਨ- ਬਰਥ ਕੰਟਰੋਲ ਹੋਵੇ। ਬਾਪ ਕਹਿੰਦੇ ਹਨ ਮੈਂ ਆਕੇ ਭਾਰਤ ਦੀ ਸਰਵਿਸ ਕਰ ਰਿਹਾ ਹਾਂ। ਇਥੇ ਤਾ ਹੈ ਹੀ ਤਮੋਪ੍ਰਧਾਨ ਮਨੁੱਖ 10-12 ਬੱਚੇ ਪੈਦਾ ਕਰਦੇ ਰਹਿੰਦੇ ਹਨ। ਝਾੜ ਵਾਧੇ ਨੂੰ ਜਰੂਰ ਪੈਣਾ ਹੀ ਹੈ। ਪੱਤੇ ਨਿਕਲਦੇ ਰਹਿਣਗੇ। ਇਸਨੂੰ ਕੋਈ ਕੰਟਰੋਲ ਨਹੀਂ ਕਰ ਸਕਦਾ। ਇਕ ਬੱਚਾ ਇਕ ਬੱਚੀ ਬੱਸ। ਇਹ ਗੱਲਾਂ ਤੁਸੀਂ ਬੱਚੇ ਹੀ ਸਮਝਦੇ ਹੋ। ਅੱਗੇ ਚਲ ਆਉਂਦੇ ਰਹਿਣਗੇ। ਸਮਝਦੇ ਰਹਿਣਗੇ। ਗਾਉਂਦੇ ਵੀ ਹਨ ਅਤਿਇੰਦਰੀਆਂ ਸੁਖ ਗੋਪ ਗੋਪੀਆ ਨੂੰ ਪੁੱਛੋ। ਇਥੇ ਤੁਸੀਂ ਸਾਮਣੇ ਸੁਣਦੇ ਹੋ ਤਾਂ ਸੁੱਖ ਮਹਿਸੂਸ ਹੁੰਦਾ ਹੈ। ਫਿਰ ਕੰਮ ਧੰਧੇ ਤੇ ਜਾਨ ਨਾਲ ਇਨ੍ਹਾਂ ਸੁੱਖ ਨਹੀਂ ਲਗਦਾ। ਇਥੇ ਤੁਹਾਨੂੰ ਤ੍ਰਿਕਾਲਦਰਸ਼ੀ ਬਣਾਇਆ ਜਾਂਦਾ ਹੈ। ਤ੍ਰਿਕਾਲਦਰਸ਼ੀ ਨੂੰ ਸਵਦਰਸ਼ਨ ਚੱਕਰਧਾਰੀ ਵੀ ਕਹਿੰਦੇ ਹਨ। ਮਨੁੱਖ ਕਹਿੰਦੇ ਹਨ ਫਲਾਨਾ ਮਹਾਤਮਾ ਤ੍ਰਿਕਾਲਦਰਸ਼ੀ ਸੀ। ਤੁਸੀਂ ਕਹਿੰਦੇ ਹੋ ਬੈਕੁੰਠਨਾਥ ਰਾਧੇ ਕ੍ਰਿਸ਼ਨ ਨੂੰ ਵੀ ਸਵਦਰਸ਼ਨ ਚੱਕਰ ਦੀ ਅਤੇ ਤਿੰਨਾਂ ਕਾਲਾ ਦੀ ਨੋਲਜ ਨਹੀਂ ਸੀ। ਕ੍ਰਿਸ਼ਨ ਤਾ ਸਭ ਦਾ ਪਿਆਰਾ ਸਤਿਯੁਗ ਦਾ ਫਸਟ ਪ੍ਰਿੰਸ ਹੈ। ਪਰੰਤੂ ਮਨੁੱਖ ਨਾ ਸਮਝਣ ਦੇ ਕਾਰਣ ਕਹਿ ਦਿੰਦੇ ਹਨ

ਤੁਸੀਂ ਸ਼੍ਰੀਕ੍ਰਿਸ਼ਨ ਨੂੰ ਭਗਵਾਨ ਨਹੀਂ ਮੰਨਦੇ ਇਸਲਈ ਨਾਸਤਿਕ ਹੋ। ਫਿਰ ਵਿਘਨ ਪਾਉਂਦੇ ਹਨ। ਅਵਿਨਾਸ਼ੀ ਗਿਆਨ ਯਗ ਵਿੱਚ ਵਿਘਨ ਪੈਂਦੇ ਹਨ। ਕੰਨਿਆਵਾਂ ਤੇ ਮਾਤਾਵਾਂ ਤੇ ਵੀ ਵਿਘਨ ਪਾਉਂਦੇ ਹਨ। ਬੰਧੇਲੀਆ ਕਿੰਨਾ ਸਹਿਣ ਕਰਦੀਆਂ ਹਨ। ਤਾਂ ਸਮਝਣਾ ਚਾਹੀਦਾ ਹੈ ਡਰਾਮਾ ਅਨੁਸਾਰ ਸਾਡਾ ਪਾਰਟ ਇਸ ਤਰ੍ਹਾਂ ਦਾ ਹੀ ਹੈ। ਵਿਘਨ ਪੈ ਗਿਆ ਤਾਂ ਇਵੇਂ ਨਹੀਂ ਖਿਆਲਤ ਆਉਣਾ ਚਾਹੀਦਾ ਕਿ ਇਵੇਂ ਨਹੀਂ ਕਰਦੇ ਤਾਂ ਇਸ ਤਰ੍ਹਾਂ ਨਹੀਂ ਹੁੰਦਾ, ਅਜਿਹਾ ਨਹੀਂ ਕਰਦੇ ਤਾਂ ਬੁਖਾਰ ਨਹੀਂ ਹੁੰਦਾ... ਅਸੀਂ ਇਵੇਂ ਨਹੀਂ ਕਹਿ ਸਕਦੇ। ਡਰਾਮਾ ਅਨੁਸਾਰ ਇਹ ਕੀਤਾ, ਕਲਪ ਪਹਿਲਾ ਵੀ ਕੀਤਾ ਸੀ, ਤਾਂ ਤਕਲੀਫ ਹੋਈ ਹੈ। ਪੁਰਾਣੇ ਸ਼ਰੀਰ ਨੂੰ ਟਾਕੀਆਂ ਤੇ ਲਗਨੀਆ ਹਨ। ਅੰਤ ਤੱਕ ਮੁਰੰਮਤ ਹੁੰਦੀ ਰਹੇਗੀ। ਇਹ ਵੀ ਆਤਮਾ ਦਾ ਪੁਰਾਣਾ ਮਕਾਨ ਹੈ। ਆਤਮਾ ਕਹਿੰਦੀ ਹੈ ਮੈਂ ਵੀ ਬਹੁਤ ਪੁਰਾਣੀ ਹਾਂ, ਕੋਈ ਤਾਕਤ ਨਹੀਂ ਰਹੀ ਹੈ। ਤਾਕਤ ਨਾ ਹੋਣ ਕਾਰਣ ਕਮਜ਼ੋਰ ਆਦਮੀ ਦੁੱਖ ਭੋਗਦੇ ਹਨ। ਮਾਇਆ ਕਮਜ਼ੋਰ ਨੂੰ ਬਹੁਤ ਦੁੱਖ ਦੇਵੇਗੀ। ਸਾਨੂੰ ਭਾਰਤਵਾਸੀਆਂ ਨੂੰ ਮਾਇਆ ਨੇ ਬੜਾ ਕਮਜ਼ੋਰ ਕੀਤਾ ਹੈ। ਅਸੀਂ ਬਹੁਤ ਤਾਕਤ ਵਾਲੇ ਸੀ ਫਿਰ ਮਾਇਆ ਨੇ ਕਮਜ਼ੋਰ ਬਣਾ ਦਿੱਤਾ ਹੈ, ਹੁਣ ਫਿਰ ਮਾਇਆ ਤੇ ਜਿੱਤ ਪਾਉਂਦੇ ਹਾਂ ਤਾਂ ਮਾਇਆ ਵੀ ਸਾਡੀ ਦੁਸ਼ਮਨ ਬਣਦੀ ਹੈ। ਭਾਰਤ ਨੂੰ ਹੀ ਜ਼ਿਆਦਾ ਦੁੱਖ ਮਿਲਦਾ ਹੈ। ਸਭ ਤੋਂ ਕਰਜਾ ਲੈ ਰਹੇ ਹਨ। ਭਾਰਤ ਬਿਲਕੁਲ ਪੁਰਾਣਾ ਹੋ ਗਿਆ ਹੈ। ਜੋ ਬਿਲਕੁਲ ਸਾਹੂਕਾਰ ਸੀ, ਉਨ੍ਹਾਂ ਨੇ ਬਹੁਤ ਬੇਗਰ ਬਣਨਾ ਹੈ। ਫਿਰ ਬੇਗਰ ਤੋਂ ਪ੍ਰਿੰਸ। ਬਾਬਾ ਕਹਿੰਦੇ ਇਸ ਸ਼ਰੀਰ ਦੇ ਭਾਨ ਤੋਂ ਵੀ ਦੂਰ ਖਾਲੀ ਹੋ ਜਾਓ। ਤੁਹਾਡਾ ਇਥੇ ਕੁਝ ਨਹੀਂ ਹੈ, ਸਿਵਾਏ ਇਕ ਸ਼ਿਵਬਾਬਾ ਦੇ ਦੂਜਾ ਨਾ ਕੋਈ। ਤਾਂ ਤੁਹਾਨੂੰ ਬੇਗਰ ਬਣਨਾ ਪਵੇਗਾ। ਯੁਕਤੀਆਂ ਵੀ ਦਸਦੇ ਰਹਿੰਦੇ ਹਨ। ਜਨਕ ਦਾ ਵੀ ਮਿਸਾਲ ਹੈ ਨਾ-ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਕਮਲ ਸਮਾਨ ਰਹਿਣਾ ਹੈ, ਸ੍ਰੀਮਤ ਤੇ ਚਲਣਾ ਹੈ ਸਭ ਸਰੈਂਡਰ ਵੀ ਕਰਨਾ ਹੈ। ਜਨਕ ਨੇ ਸਭ ਕੁਝ ਦਿੱਤਾ ਫਿਰ ਉਸਨੂੰ ਕਿਹਾ ਕਿ ਆਪਣੀ ਮਿਲਕੀਯਤ ਤੁਸੀਂ ਸੰਭਾਲੋ ਅਤੇ ਟਰੱਸਟੀ ਹੋਕੇ ਰਹੋ। ਹਰੀਸ਼ਚੰਦਰ ਦਾ ਵੀ ਦ੍ਰਿਸਟਾਂਤ ਹੈ।

ਬਾਪ ਸਮਝਾਉਂਦੇ ਹਨ -, ਬੱਚੇ, ਜੇਕਰ ਤੁਸੀਂ ਬੀਜ ਨਹੀਂ ਬੋਵੋਗੇ ਤਾਂ ਤੁਹਾਡੀ ਪਦਵੀ ਘਟ ਜਾਵੇਗੀ। ਫੋਲੋ ਫਾਦਰ, ਤੁਹਾਡਾ ਇਹ ਸਾਮਣੇ ਦਾਦਾ ਬੈਠਾ ਹੈ। ਬਿਲਕੁਲ ਹੀ ਸ਼ਿਵਬਾਬਾ ਤੇ ਸ਼ਿਵ ਸ਼ਕਤੀਆਂ ਨੂੰ ਟਰੱਸਟੀ ਬਣਾਇਆ। ਸ਼ਿਵਬਾਬਾ ਥੋੜੇ ਬੈਠ ਸੰਭਾਲਨਗੇ। ਇਹ ਆਪਣੇ ਤੇ ਬਲੀ ਥੋੜੀ ਚੜੇਗਾ। ਇਨ੍ਹਾਂ ਨੂੰ ਮਾਤਾਵਾਂ ਤੇ ਬਲੀ ਚੜਣਾ ਪਵੇਗਾ। ਮਾਤਾਵਾਂ ਨੂੰ ਹੀ ਅੱਗੇ ਕਰਨਾ ਹੈ। ਬਾਪ ਆ ਕੇ ਗਿਆਨ ਅੰਮ੍ਰਿਤ ਦਾ ਕਲਸ਼ ਮਾਤਾਵਾਂ ਨੂੰ ਹੀ ਦਿੰਦੇ ਹਨ ਕਿ ਮਨੁੱਖਾਂ ਨੂੰ ਦੇਵਤਾ ਬਣਾਉਣ ਦੇ ਲਈ। ਲਕਸ਼ਮੀ ਨੂੰ ਨਹੀਂ ਦਿੱਤਾ ਹੈ। ਇਸ ਸਮੇ ਹੈ ਜਗਤ ਅੰਬਾਂ ਸਤਿਯੁਗ ਵਿਚ ਹੋਵੇਗੀ ਲਕਸ਼ਮੀ। ਜਗਤ ਅੰਬਾਂ ਦਾ ਗੀਤ ਕਿੰਨਾ ਵਧੀਆ ਬਣਿਆ ਹੋਇਆ ਹੈ। ਉਨ੍ਹਾਂ ਦੀ ਬਹੁਤ ਮਾਨਤਾ ਹੈ। ਉਹ ਸੋਭਾਗਿਆ ਵਿਧਾਤਾ ਕਿਵੇਂ ਹੈ? ਉਨ੍ਹਾਂ ਨੂੰ ਧਨ ਕਿਥੋਂ ਮਿਲਦਾ ਹੈ? ਕੀ ਬ੍ਰਹਮਾ ਤੋਂ? ਕ੍ਰਿਸ਼ਨ ਤੋਂ? ਨਹੀਂ। ਧਨ ਫਿਰ ਵੀ ਮਿਲਦਾ ਹੈ ਗਿਆਨ ਸਾਗਰ ਤੋਂ। ਇਹ ਬੜੀਆਂ ਗੁਪਤ ਗੱਲਾਂ ਹਨ। ਭਗਵਾਨੁਵਾਚ ਸਭ ਦੇ ਲਈ ਹਨ। ਭਗਵਾਨ ਤੇ ਸਾਰਿਆਂ ਦਾ ਹੈ ਨਾ। ਸਾਰੇ ਧਰਮਾਂ ਵਾਲਿਆਂ ਨੂੰ ਕਹਿੰਦੇ ਹਨ ਮਾਮੇਕਮ ਯਾਦ ਕਰੋ। ਚਾਹੇ ਸ਼ਿਵ ਦੇ ਪੁਜਾਰੀ ਵੀ ਬਹੁਤ ਹਨ ਪਰ ਜਾਣਦੇ ਕੁਝ ਵੀ ਨਹੀਂ। ਉਹ ਹੋਈ ਭਗਤੀ। ਹੁਣ ਤੁਹਾਨੂੰ ਗਿਆਨ ਕੌਣ ਦਿੰਦੇ ਹਨ? ਮੋਸਟ ਬਿਲਵਰੱਡ (ਸਭ ਤੋਂ ਪਿਆਰਾ) ਫਾਦਰ। ਸ਼੍ਰੀਕ੍ਰਿਸ਼ਨ ਨੂੰ ਇਵੇਂ ਨਹੀਂ ਕਹਾਂਗੇ। ਉਨ੍ਹਾਂ ਨੂੰ ਸਤਿਯੁਗ ਦਾ ਪ੍ਰਿੰਸ ਕਹਾਂਗੇ। ਚਾਹੇ ਕ੍ਰਿਸ਼ਨ ਦੀ ਪੂਜਾ ਕਰਦੇ ਹਨ, ਪਰ ਇਹ ਖਿਆਲ ਨਹੀਂ ਕਰਦੇ ਕਿ ਉਹ ਸਤਿਯੁਗ ਦਾ ਪ੍ਰਿੰਸ ਕਿਵੇਂ ਬਣਿਆ? ਪਹਿਲੋਂ ਅਸੀਂ ਵੀ ਨਹੀਂ ਜਾਣਦੇ ਸੀ। ਤੁਸੀਂ ਬੱਚੇ ਹੁਣ ਜਾਣਦੇ ਹੋ ਬਰੋਬਰ ਅਸੀਂ ਫਿਰ ਤੋਂ ਪ੍ਰਿੰਸ ਪ੍ਰਿੰਸੇਜ ਬਣਾਂਗੇ। ਤਾਂ ਹੀ ਤੇ ਵੱਡੇ ਹੋਕੇ ਲਕਸ਼ਮੀ ਨਰਾਇਣ ਨੂੰ ਵਰਾਂਗੇ। ਇਹ ਨੋਲਜ ਹੈ ਹੀ ਭਵਿੱਖ ਦੇ ਲਈ। ਇਸ ਦਾ ਫਲ 21 ਜਨਮ ਲਈ ਮਿਲਦਾ ਹੈ। ਕ੍ਰਿਸ਼ਨ ਲਈ ਨਹੀਂ ਕਹਾਂਗੇ ਕਿ ਉਹ ਵਰਸਾ ਦਿੰਦੇ ਹਨ। ਵਰਸਾ ਬਾਪ ਤੋਂ ਮਿਲਦਾ ਹੈ। ਸ਼ਿਵਬਾਬਾ ਰਾਜਯੋਗ ਸਿਖਾਉਂਦੇ ਹਨ। ਬ੍ਰਹਮਾ ਦੇ ਮੁੱਖ ਤੋਂ ਹਜਾਰਾਂ ਬ੍ਰਾਹਮਣ ਨਿਲਕਦੇ ਹਨ। ਉਨ੍ਹਾਂ ਨੂੰ ਹੀ ਇਹ ਸਿੱਖਿਆ ਮਿਲਦੀ ਹੈ। ਸਿਰਫ ਤੁਸੀਂ ਬ੍ਰਾਹਮਣ ਹੋ ਕਲਪ ਦੇ ਸੰਗਮ ਯੁਗ ਤੇ ਬਾਕੀ ਸਾਰੀ ਦੁਨੀਆ ਹੈ ਕਲਯੁਗ ਦੇ ਵਿਚ। ਉਹ ਸਾਰੇ ਇਹ ਹੀ ਕਹਿਣਗੇ ਕਿ ਅਸੀਂ ਹੁਣ ਕਲਯੁਗ ਵਿਚ ਹਾਂ, ਤੁਸੀਂ ਕਹੋਗੇ ਅਸੀਂ ਸੰਗਮ ਤੇ ਹਾਂ। ਇਹ ਗੱਲਾਂ ਕਿਥੇ ਹੈ ਨਹੀਂ। ਇਹ ਨਵੀਆਂ ਨਵੀਆਂ ਗੱਲਾਂ ਦਿਲ ਵਿਚ ਰੱਖਣੀਆਂ ਹਨ ਪਹਿਲੀ ਗੱਲ ਹੈ ਬਾਪ ਤੇ ਵਰਸੇ ਨੂੰ ਯਾਦ ਕਰਨਾ। ਜੇਕਰ ਪਵਿੱਤਰ ਨਹੀਂ ਰਹਾਂਗੇ ਤਾਂ ਯੋਗ ਕਦੇ ਨਹੀਂ ਲੱਗੇਗਾ, ਲਾਅ ਨਹੀਂ ਕਹਿੰਦਾ ਇਸਲਈ ਉਂਚ ਪਦਵੀ ਪਾ ਨਹੀਂ ਸਕਦੇ। ਘਟ ਯੋਗ ਲਗਾਉਣ ਨਾਲ ਸਵਰਗ ਵਿਚ ਤੇ ਆ ਜਾਓਗੇ। ਬਾਪ ਕਹਿੰਦੇ ਹਨ ਜੇਕਰ ਪਵਿੱਤਰ ਨਹੀਂ ਬਣੋਗੇ ਤਾਂ ਮੇਰੇ ਕੋਲ ਆ ਨਹੀਂ ਸਕਦੇ। ਭਾਵੇਂ ਘਰ ਬੈਠੇ ਵੀ ਸਵਰਗ ਵਿਚ ਆ ਸਕਦੇ ਹਨ, ਅੱਛਾ ਪਦ ਪਾ ਸਕਦੇ ਹਨ, ਪਰ ਜਦੋ ਯੋਗ ਵਿਚ ਰਹਿਣ, ਪਵਿੱਤਰ ਰਹਿਣ। ਪਵਿੱਤਰਤਾ ਤੋਂ ਬਿਨਾ ਯੋਗ ਲੱਗੇਗਾ ਨਹੀਂ। ਮਾਇਆ ਲੱਗਣ ਨਹੀਂ ਦਵੇਗੀ। ਸੱਚੇ ਦਿਲ ਤੇ ਸਾਹਿਬ ਰਾਜ਼ੀ ਹੋਵੇਗਾ। ਜਿਹੜੇ ਵਿਕਾਰਾਂ ਵਿਚ ਜਾਂਦੇ ਰਹਿੰਦੇ ਹਨ, ਕਹਿੰਦੇ ਹਨ ਮੈਂ ਸ਼ਿਵਬਾਬਾ ਨੂੰ ਬਹੁਤ ਯਾਦ ਕਰਦਾ ਹਾਂ ਤਾਂ ਉਹ ਆਪਣੀ ਦਿਲ ਖੁਸ਼ ਕਰਦੇ ਰਹਿੰਦੇ ਹਨ। ਮੁੱਖ ਹੈ ਪਵਿੱਤਰਤਾ। ਕਹਿੰਦੇ ਹਨ ਬਰਥ ਕੰਟਰੋਲ ਕਰੋ, ਬੱਚੇ ਪੈਦਾ ਨਾ ਕਰੋ। ਇਹ ਹੈ ਹੀ ਤਮੋਪ੍ਰਧਾਨ ਦੁਨੀਆ। ਹੁਣ ਬਾਬਾ ਬਰਥ ਕੰਟਰੋਲ ਕਰਵਾ ਰਹੇ ਹਨ। ਤੁਸੀਂ ਹੋ ਸਾਰੇ ਕੁਮਾਰ - ਕੁਮਾਰੀਆਂ, ਤਾਂ ਵਿਕਾਰ ਦੀ ਗੱਲ ਨਹੀਂ ਹੈ। ਇਥੇ ਤਾ ਵਿਸ਼ ਲਈ ਬੱਚੀਆਂ ਨੂੰ ਕਿੰਨਾ ਸਹਿਣ ਕਰਨਾ ਪੈਂਦਾ ਹੈ। ਬਾਬਾ ਕਹਿੰਦੇ ਹਨ ਬਹੁਤ ਪਰਹੇਜ ਰੱਖਣੀ ਹੈ। ਇਥੇ ਇਸ ਤਰ੍ਹਾਂ ਕੋਈ ਨਹੀਂ ਹੋਵੇਗਾ, ਜੋ ਸ਼ਰਾਬ ਪੀਂਦਾ ਹੋਵੇ। ਬਾਪ ਕਹਿੰਦੇ ਜੇਕਰ ਝੂਠ ਬੋਲਦੇ ਹੋ ਤਾਂ ਧਰਮਰਾਜ ਦੀ ਭਾਰੀ ਸਜਾ ਖਾਣੀ ਪਵੇਗੀ। ਭਗਵਾਨ ਦੇ ਅੱਗੇ ਸੱਚ ਬੋਲਣਾ ਚਾਹੀਦਾ ਹੈ। ਕੋਈ ਜਰਾ ਵੀ ਸ਼ਰਾਬ ਕਿਸੇ ਕਾਰਣ ਤੇ ਜਾਂ ਦਵਾਈ ਦੇ ਤੋਰ ਤੇ ਪੀਂਦੇ ਹਨ? ਕੋਈ ਨੇ ਹੱਥ ਨਹੀਂ ਉਠਾਇਆ। ਇਥੇ ਸੱਚ ਜਰੂਰ ਬੋਲਣਾ ਹੈ। ਕੋਈ ਵੀ ਭੁੱਲ ਹੁੰਦੀ ਹੈ ਤਾਂ ਲਿਖਣਾ ਚਾਹੀਦਾ ਹੈ- ਬਾਬਾ ਮੇਰੇ ਕੋਲ ਭੁੱਲ ਹੋ ਗਈ ਹੈ, ਮਾਇਆ ਨੇ ਮੈਨੂੰ ਥੱਪੜ ਮਾਰ ਦਿੱਤਾ ਹੈ। ਬਾਬਾ ਨੂੰ ਬਹੁਤ ਲਿਖਦੇ ਵੀ ਹਨ ਬਾਬਾ ਅੱਜ ਸਾਡੇ ਵਿਚ ਕਰੋਧ ਦਾ ਭੂਤ ਆ ਗਿਆ, ਥੱਪੜ ਮਾਰ ਦਿੱਤਾ। ਤੁਹਾਡੀ ਤੇ ਮਤ ਹੈ ਥੱਪੜ ਨਹੀਂ ਮਾਰਨਾ ਚਾਹੀਦਾ। ਦਸਦੇ ਹਨ ਕ੍ਰਿਸ਼ਨ ਨੂੰ ਔਖਲੀ ਨਾਲ ਬੰਨ੍ਹਿਆ। ਇਹ ਤਾਂ ਸਭ ਝੂਠੀਆਂ ਗੱਲਾਂ ਹਨ। ਬੱਚਿਆਂ ਨੂੰ ਪਿਆਰ ਨਾਲ ਸਿੱਖਿਆ ਦੇਣੀ ਚਾਹੀਦੀ ਹੈ। ਮਾਰਨਾ ਨਹੀਂ ਚਾਹੀਦਾ। ਭੋਜਨ ਬੰਦ ਕਰਨਾ, ਮਿਠਾਈ

ਨਾ ਦੇਣਾ… ਇਵੇਂ ਸੁਧਾਰਨਾ ਚਾਹੀਦਾ ਹੇ। ਥੱਪੜ ਮਾਰਨਾ, ਕ੍ਰੋਧ ਦੀ ਨਿਸ਼ਾਨੀ ਹੋ ਜਾਂਦੀ ਹੈ। ਸੋ ਵੀ ਮਹਾਤਮਾ ਤੇ ਕ੍ਰੋਧ ਕਰਦੇ ਹਨ। ਛੋਟੇ ਬੱਚੇ ਮਹਾਤਮਾ ਸਮਾਨ ਹੁੰਦੇ ਹਨ ਨਾ ਇਸਲਈ ਥੱਪੜ ਨਹੀਂ ਮਾਰਨਾ ਚਾਹੀਦਾ। ਗਾਲੀ ਵੀ ਨਹੀਂ ਦੇ ਸਕਦੇ। ਇਸ ਤਰ੍ਹਾਂ ਦਾ ਕਰਮ ਨਹੀਂ ਕਰਨਾ ਚਾਹੀਦਾ ਜੋ ਖਿਆਲ ਵਿਚ ਆਵੇ ਕਿ ਅਸੀਂ ਵਿਕਰਮ ਕੀਤਾ। ਜੇਕਰ ਕੀਤਾ ਤਾਂ ਫੋਰਨ ਲਿਖਣਾ ਚਾਹੀਦਾ ਹੈ-ਬਾਬਾ ਸਾਡੇ ਕੋਲ ਇਹ ਭੁੱਲ ਹੋਈ ਹੈ, ਸਾਨੂੰ ਮਾਫ ਕਰੋ। ਮੁੜ ਨਹੀਂ ਕਰਾਂਗੇ। ਤੌਬਾ ਕਰਦੇ ਹਨ ਨਾ। ਉਥੇ ਵੀ ਧਰਮਰਾਜ ਸਜਾ ਦਿੰਦੇ ਹਨ, ਤਾਂ ਫਿਰ ਤੋਬਾ ਕਰਦੇ ਹਨ - ਅੱਗੇ ਤੋਂ ਫਿਰ ਨਹੀਂ ਕਰਾਂਗੇ। ਬਾਬਾ ਬਹੁਤ ਪਿਆਰ ਨਾਲ ਕਹਿੰਦੇ ਹਨ, ਲਾਡਲੇ ਸਪੂਤ ਬੱਚੇ, ਪਿਆਰੇ ਬੱਚੇ ਕਦੇ ਝੂਠ ਨਹੀਂ ਬੋਲਣਾ।

ਕਦਮ - ਕਦਮ ਤੇ ਸਲਾਹ ਪੁੱਛਣੀ ਹੈ। ਤੁਹਾਡਾ ਪੈਸਾ ਹੁਣ ਲਗਦਾ ਹੈ ਭਾਰਤ ਨੂੰ ਸਵਰਗ ਬਣਾਉਣ ਦੇ ਲਈ, ਤਾਂ ਕੌਡੀ - ਕੌਡੀ ਹੀਰੇ ਵਾਂਗੂ ਹੈ। ਇਸ ਤਰ੍ਹਾਂ ਅਸੀਂ ਕੋਈ ਸੰਨਿਆਸੀਆਂ ਆਦਿ ਨੂੰ ਦਾਨ - ਪੁੰਨ ਨਹੀਂ ਕਰਦੇ ਹਾਂ। ਮਨੁੱਖ ਹਸਪਤਾਲ ਕਾਲੇਜ ਆਦਿ ਬਣਾਉਂਦੇ ਹਨ ਤਾਂ ਕੀ ਮਿਲਦਾ ਹੈ? ਕਾਲੇਜ ਖੋਲਣ ਨਾਲ ਦੂਜੇ ਜਨਮ ਵਿਚ ਵਿਧੀਆ ਚੰਗੀ ਮਿਲੇਗੀ, ਧਰਮਸ਼ਾਲਾ ਬਨਾਉਣ ਤੇ ਮਹਿਲ ਮਿਲੇਗਾ। ਇਥੇ ਤੇ ਤੁਹਾਨੂੰ ਜਨਮ - ਜਣਮੰਤਰ ਦੇ ਲਈ ਬਾਪ ਯੋ ਬੇਹੱਦ ਦਾ ਵਰਸਾ ਮਿਲਦਾ ਹੈ। ਬੇਹੱਦ ਦੀ ਉਮਰ ਮਿਲਦੀ ਹੈ। ਇਸਤੋਂ ਵੱਡੀ ਉਮਰ ਹੋਰ ਕਿਸੇ ਧਰਮ ਵਾਲੇ ਦੀ ਨਹੀਂ ਹੁੰਦੀ ਹੈ। ਘਟ ਉਮਰ ਵੀ ਇਥੋਂ ਦੀ ਗਿਨੀ ਜਾਂਦੀ ਹੈ ਤਾਂ ਫਿਰ ਬੇਹੱਦ ਦੇ ਬਾਪ ਨੂੰ ਚਲਦੇ - ਫਿਰਦੇ, ਉਠਦੇ -ਬੈਠਦੇ ਯਾਦ ਕਰੋਂਗੇ ਤਾਂ ਹੀ ਖੁਸ਼ੀ ਵਿਚ ਰਹੋਗੇ। ਕੋਈ ਵੀ ਤਕਲੀਫ ਹੋਵੇ ਤਾਂ ਪੁੱਛੋ। ਬਾਕੀ ਇਸ ਤਰ੍ਹਾਂ ਥੋੜੀ ਹੀ ਗਰੀਬ ਹੋਣਗੇ, ਕਹਿਣਗੇ ਬਾਬਾ ਅਸੀਂ ਤੁਹਾਡੇ ਹਾਂ, ਹੁਣ ਅਸੀਂ ਤੁਹਾਡੇ ਕੋਲ ਬੈਠ ਜਾਂਦੇ ਹਾਂ। ਇਵੇਂ ਤਾਂ ਦੁਨੀਆ ਵਿਚ ਗਰੀਬ ਬਹੁਤ ਹਨ। ਸਾਰੇ ਕਹਿਣਗੇ ਸਾਨੂੰ ਮਧੂਬਨ ਵਿਚ ਰੱਖ ਲਵੋ, ਇਵੇਂ ਤਾਂ ਲੱਖਾਂ ਇਕੱਠੇ ਹੋ ਜਾਣ, ਇਹ ਕ਼ਾਇਦਾ ਨਹੀਂ ਹੈ। ਤੁਹਾਨੂੰ ਗ੍ਰਹਿਸਤ ਵਿਵਹਾਰ ਵਿਚ ਰਹਿਣਾ ਹੈ। ਇਥੇ ਇਸ ਤਰ੍ਹਾਂ ਨਹੀਂ ਰਹਿ ਸਕਦੇ।

ਕਾਰੋਬਾਰ ਵਿਚ ਸਦਾ ਈਸ਼ਵਰ ਦੇ ਲਈ ਇਕ ਦੋ ਪੈਸਾ ਨਿਕਾਲਦੇ ਹਨ। ਬਾਬਾ ਕਹਿੰਦੇ ਹਨ- ਅੱਛਾ, ਤੁਸੀਂ ਗਰੀਬ ਹੋ, ਕੁਝ ਵੀ ਨਾ ਕੱਢੋ। ਨੋਲਜ ਨੂੰ ਸਮਝੋ ਅਤੇ ਮਨਮਨਾ ਭਵ ਹੋ ਜਾਵੋ। ਤੁਹਾਡੀ ਮੰਮਾ ਨੇ ਕੀ ਕੱਢਿਆ, ਫਿਰ ਵੀ ਉਹ ਗਿਆਨ ਵਿਚ ਤਿੱਖੀ ਹੈ। ਤਨ - ਮਨ ਨਾਲ ਸੇਵਾ ਕਰ ਰਹੀ ਹੈ। ਇਸ ਵਿਚ ਪੈਸੇ ਦੀ ਗੱਲ ਨਹੀਂ ਹੈ। ਬਹੁਤ - ਬਹੁਤ ਕਰਕੇ ਇਕ ਰੁਪਇਆ ਦੇ ਦੇਣਾ, ਤੁਹਾਨੂੰ ਸਾਹੂਕਾਰ ਜਿੰਨਾਂ ਮਿਲ ਜਾਵੇਗਾ। ਪਹਿਲੇ ਆਪਣੇ ਗ੍ਰਹਿਸਤ ਵਿਵਹਾਰ ਦੀ ਸੰਭਾਲ ਕਰਨੀ ਹੈ। ਬੱਚੇ ਦੁਖੀ ਨਾ ਹੋਵੇ, ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ। ਵੰਦੇ ਮਾਤਰਮ, ਸਲਾਮ ਮਾਲੇਕਮ। ਜੈ ਜੈ ਜੈ ਹੋ ਤੇਰੀ… ਓਮ ਸ਼ਾਂਤੀ।

ਧਾਰਨਾ ਲਈ ਮੁੱਖ ਸਾਰ:-

1 ਇਹੋ ਜਿਹਾ ਕੋਈ ਕੰਮ ਨਹੀਂ ਕਰਨਾ ਜਿਸ ਦੀ ਪਿੱਛੇ ਖਿਆਲ ਚੱਲੇ, ਤੋਬਾ-ਤੋਬਾ ਕਰਨਾ ਪਵੇ। ਝੂਠ ਨਹੀਂ ਬੋਲਣਾ ਹੈ। ਸੱਚੇ ਬਾਪ ਨਾਲ ਸੱਚਾ ਰਹਿਣਾ ਹੈ।

2 ਭਾਰਤ ਨੂੰ ਸਵਰਗ ਬਣਾਉਣ ਲਈ ਆਪਣੀ ਇਕ-ਇਕ ਕੌਡੀ ਸਫਲ ਕਰਨੀ ਹੈ। ਬ੍ਰਹਮਾ ਬਾਪ ਵਾਂਗੂ ਸਰੈਂਡਰ ਹੋਕੇ ਟਰੱਸਟੀ ਬਣ ਕੇ ਰਹਿਣਾ ਹੈ।

ਵਰਦਾਨ:- ਹਰ ਆਤਮਾ ਦੇ ਸੰਬੰਧ - ਸੰਪਰਕ ਵਿੱਚ ਆਉਂਦੇ ਸਭ ਪ੍ਰਸ਼ਨਾਂ ਤੋਂ ਪਾਰ ਰਹਿਣ ਵਾਲੇ ਸਦਾ ਪ੍ਰਸੰਨਚਿੱਤ ਭਵ।

ਹਰ ਆਤਮਾ ਦੇ ਸੰਬੰਧ - ਸੰਪਰਕ ਵਿੱਚ ਆਉਂਦੇ ਕਦੇ ਚਿੱਤ ਦੇ ਅੰਦਰ ਇਹ ਪ੍ਰਸ਼ਨ ਪੈਦਾ ਨਾ ਹੋਵੇ ਕਿ ਇਹ ਇਵੇਂ ਕਿਓਂ ਕਹਿੰਦਾ, ਇਹ ਗੱਲ ਇਵੇਂ ਨਹੀਂ, ਇਵੇਂ ਹੋਣੀ ਚਾਹੀਦੀ। ਜੋ ਇਨ੍ਹਾਂ ਪ੍ਰਸ਼ਨਾਂ ਤੋਂ ਪਾਰ ਰਹਿੰਦੇ ਹਨ ਉਹ ਹੀ ਸਦਾ ਪ੍ਰਸੰਨਚਿੱਤ ਰਹਿੰਦੇ ਹਨ। ਲੇਕਿਨ ਜੋ ਇਨ੍ਹਾਂ ਪ੍ਰਸ਼ਨਾਂ ਦੀ ਲਾਈਨ ਵਿੱਚ ਚਲੇ ਜਾਂਦੇ, ਰਚਨਾ ਰਚ ਲੈਂਦੇ ਤਾਂ ਉਨ੍ਹਾਂ ਨੂੰ ਪਾਲਣਾ ਵੀ ਕਰਨੀ ਪੈਂਦੀ। ਸਮੇਂ ਅਤੇ ਐਨਰਜੀ ਵੀ ਦੇਣੀ ਪੈਂਦੀ, ਇਸਲਈ ਇਸ ਵਿਅਰਥ ਰਚਨਾ ਦਾ ਬਰਥ ਕੰਟ੍ਰੋਲ ਕਰੋ।

ਸਲੋਗਨ:- ਆਪਣੇ ਨੈਣਾਂ ਵਿਚ ਬਿੰਦੂਰੂਪ ਬਾਪ ਨੂੰ ਸਮਾ ਲਵੋ ਤਾਂ ਹੋਰ ਕੋਈ ਸਮਾ ਨਹੀ ਸਕਦਾ।

******